ਦਫ਼ਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ. 1, [illegible]
ਈ-ਮੇਲ eepd1ptapwdpb@gmail.com

ਵੱਲ

Principal,
Tagore International School,
Village Akbarpur, Afgana,
Patiala.
ਮੀਮੋ ਨੰਬਰ- 8738 ਮਿਤੀ 29/5/26

ਵਿਸ਼ਾ- **ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਵਲੋਂ ਸਕੂਲ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ 21.09.2028 ਤੱਕ ਦਾ ਜਮਾਂ ਕਰਵਾਇਆ ਗਿਆ ਜਿਸ ਉਪਰੰਤ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ 3, ਪਟਿਆਲਾ ਦੀ ਰਿਪੋਰਟ ਅਨੁਸਾਰ ਸਕੂਲ ਦੀ ਬਿਲਡਿੰਗ ਬਾਹਰੋਂ ਵੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਆਪ ਨੂੰ ਇਸ ਸਕੂਲ ਲਈ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ। ਇਹ ਸਰਟੀਫਿਕੇਟ ਮਿਤੀ **31.03.2027** ਤੱਕ ਵੈਲਿਡ ਰਹੇਗਾ।

ਸ਼ਰਤਾਂ-

1. ਸਕੂਲ ਪ੍ਰਸ਼ਾਸਨ ਵਲੋਂ ਦਿੱਤੀ ਹੋਈ ਅੰਡਰਟੇਕਿੰਗ ਅਨੁਸਾਰ ਬਿਲਡਿੰਗ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਇਹ ਸੇਫਟੀ ਸਰਟੀਫਿਕੇਟ ਕੇਵਲ ਸਕੂਲ ਦੀ ਉਕਤ ਬਰਾਂਚ ਲਈ ਵੈਲਿਡ ਹੋਵੇਗਾ।
2. ਇਹ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਸਕੂਲ ਪ੍ਰਸ਼ਾਸਨ ਵੱਲੋਂ ਸਮੇਂ ਸਮੇਂ ਤੇ ਕਿਸੇ ਸੀਨੀਅਰ ਸਟਰਕਚਰ ਇੰਜੀਨੀਅਰ ਪਾਸੋਂ ਰੈਗੂਲਰ ਤੌਰ ਤੇ ਇੰਸਪੈਕਸ਼ਨ ਕਰਵਾਈ ਜਾਵੇਗੀ। ਜੇਕਰ ਕਿਸੇ ਵੀ ਸਮੇਂ ਬਿਲਡਿੰਗ ਦੀ ਦੀਵਾਰ/ਛੱਤ/ਕਾਲਮ ਆਦਿ ਵਿੱਚ ਕੋਈ ਤਰੇੜ ਨਜ਼ਰ ਆਉਂਦੀ ਹੈ ਤਾਂ ਸਟਰਕਚਰ ਇੰਜੀਨੀਅਰ ਦੀ ਮਦਦ ਨਾਲ ਬਿਨਾਂ ਕਿਸੇ ਦੇਰੀ ਤੋਂ ਲੋੜੀਦੀ ਮੁਰੰਮਤ ਕਰਵਾਈ ਜਾਵੇਗੀ ਅਤੇ ਇਸ ਵਿਭਾਗ ਨੂੰ ਸੂਚਿਤ ਕਰਨ ਲਈ ਸਕੂਲ ਪ੍ਰਸ਼ਾਸਨ ਪਾਬੰਦ ਹੋਵੇਗਾ ਅਤੇ ਜੇਕਰ ਬਿਲਡਿੰਗ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਨਵੇਂ ਸਕੂਲ ਸੇਫਟੀ ਸਰਟੀਫਿਕੇਟ ਲਈ ਕੇਸ ਅਪਲਾਈ ਕੀਤਾ ਜਾਵੇ।
3. ਇਸ ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ 21.09.2028 ਤੱਕ ਵੈਲਿਡ ਹੈ, ਇਹ ਸਕੂਲ ਸੇਫਟੀ ਸਰਟੀਫਿਕੇਟ 31.03.2027 ਤੱਕ ਵੈਲਿਡ ਰਹੇਗਾ।
4. ਸਕੂਲ ਬਿਲਡਿੰਗ ਤੱਕ ਰਸਤਾ ਜੇਕਰ ਲਿਆ ਜਾਂਦਾ ਹੈ ਤਾਂ ਇਸ ਦੀ ਪ੍ਰੋਪਰ ਮੰਨਜੂਰੀ ਸਬੰਧਤ ਵਿਭਾਗ ਤੋਂ ਲੈਣੀ ਯਕੀਨੀ ਬਣਾਈ ਜਾਵੇ।
5. ਸੜਕ ਤੋਂ ਸਕੂਲ ਤੱਕ ਅਤੇ ਸੜਕ ਕਰੌਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਉਣੇ ਯਕੀਨੀ ਬਣਾਇਆ ਜਾਵੇ।
6. ਪਾਰਕਿੰਗ ਲਈ ਇੰਤਜਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀ ਆਉਣੀ ਚਾਹੀਦੀ।
7. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋ ਜਾਰੀ ਸਕੂਲ ਬੱਸਾਂ ਵਿੱਚ ਸੁਰਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
8. ਇਹ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਜੇਕਰ ਬਿਲਡਿੰਗ ਵਿਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇ ਅਤੇ ਸਕੂਲ ਪ੍ਰਸ਼ਾਸਨ ਵਲੋਂ ਨਵਾਂ ਸਕੂਲ ਸੇਫਟੀ ਸਰਟੀਫਿਕੇਟ ਅਪਲਾਈ ਕੀਤਾ ਜਾਵੇ।
9. ਜੇਕਰ ਉਪਰੋਕਤ ਦਿੱਤੀਆਂ ਹਦਾਇਤਾਂ/ਕੰਡੀਸ਼ਨਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ।

ਪਿੱਠ ਅੰਕਣ ਨੰਬਰ- ਮਿਤੀ-....

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰਬਰ 3 ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਨੂੰ ਉਨ੍ਹਾਂ ਦੇ ਮੀਮੋ ਨੰ 116 ਮਿਤੀ 20.05.2026 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1,
ਲੋ.ਨਿ.ਵਿ.,ਭ ਤੇ ਮ ਸ਼ਾਖਾ, ਪਟਿਆਲਾ।